# ਇਨਸਾਨ ਵਖਰੇ  ਵਖਰੇ

ਵਖਰੇ ਵਖਰੇ ਧਰਮਾਂ ਦੇ
ਅਸਥਾਨ ਵਖਰੇ ਵਖਰੇ
ਇਨਸਾਨ ਵਖਰੇ ਵਖਰੇ
ਭਗਵਾਨ ਵਖਰੇ ਵਖਰੇ  ]

ਅਵਲ ਅੱਲਾ ਨੂਰ ਉਪਾਇਆ
ਕੁਦਰਤ ਦੇ ਸਭ ਬੰਦੇ
ਐਪਰ ਦੀਨ ਵਖਰੇ ਵਖਰੇ
ਇਮਾਨ ਵਖਰੇ ਵਖਰੇ  ]

ਕੁਝ ਫਾਰਵਰ੍ਡ ਅਖਵਾਂਦੇ
ਕੁਝ ਬੇਕਵਾਰਡ   ਬਣ ਜਾਂਦੇ
ਵਖਰੀਆਂ  ਵਖਰੀਆਂ  ਟੀਮਾਂ ਤੇ
ਕਪਤਾਨ ਵਖਰੇ ਵਖਰੇ  ]

ਕੁਝ ਸੂਰ ਵਢੀ ਜਾਂਦੇ
ਕੁਝ ਗਊਆਂ ਮਾਰ ਕੇ ਖਾਂਦੇ
ਹੁਣ ਧਰਮਾਂ ਅੰਦਰ  ਹੋ ਗਏ
ਸ਼ੇਤਾਨ ਵਖਰੇ ਵਖਰੇ  ]

ਜੇ ਚੰਗੇ ਕਮ  ਵੀ ਕਰਨੇ
ਤਾਂ ਵਖਰੇ ਵਖਰੇ ਕਰਨੇ
ਹੋਵੇ ਮਹਿਮਾ  ਵਖਰੀ ਵਖਰੀ
ਤੇ ਸਨਮਾਨ  ਵਖਰੇ ਵਖਰੇ ]

ਚਲੋ ਗੇਮਾਂ ਦੇ ਅੰਦਰ ਤਾਂ
ਸਾਰੇ ਹੀ ਖੇਡਣ ਕਠੇ
ਟੇਬਲ ਟੇਨਿਸ ਦੇ ਨਹੀਂ ਹੋਏ
ਲਾਂਨ   ਵਖਰੇ ਵਖਰੇ  ]

ਮਰਨ ਬਾਅਦ ਵੀ ਯਾਰੋ ਐਥੇ
ਭੇਦ ਭਾਵ ਨਹੀਂ ਮੁਕਦੇ
ਕਬਰਸਤਾਨ  ਵਖਰੇ ਵਖਰੇ
ਸ਼ਮਸ਼ਾਨ ਵਖਰੇ ਵਖਰੇ ]

ਆਓ ਕਠੇ ਹੋਈਏ  ਤੇ
ਹਿੰਦੁਸਤਾਨ ਬਣਾਈਏ
ਚੰਗਾ ਨਹੀਂ ਲਗਦਾ   ਪਾਈਏ
ਯੋਗਦਾਨ  ਵਖਰੇ  ਵਖਰੇ ]